بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ    وَ عَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA
Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਮਸੀਹ ਮੌਊਦ ਅਲੈਹਿ ਦੇ ਆਉਣ ਦਾ ਉਦੇਸ਼ ਅਤੇ ਜ਼ਮਾਨੇ ਨੂੰ ਮੁਸਲੈਹ ਦੀ ਜ਼ਰੂਰਤ
# ਮਿਡਲ ਈਸਟ ਵਿਚੱ ਵਿਸ਼ਵ ਯੁਧੱ ਵਾਲੇ ਹਾਲਾਤ, ਖ਼ਾਸ ਦੁਆਵਾਂ ਦੀ ਤਹਰੀਕ

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 24 ਨਵੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشۡهَدُ أَنۡ لَّا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ۔ بِسۡمِ اللّٰهِ الرَّحۡمٰنِ الرَّحِيۡمِ۔ اَلۡحَمۡدُ لِلّٰهِ رَبِّ الۡعٰلَمِيۡنَ۔ الرَّحۡمٰنِ الرَّحِيۡمِ۔ مٰلِكِ يَوۡمِ الدِّيۡنِ۔ إِيَّاكَ نَعۡبُدُ وَإِيَّاكَ نَسۡتَعِيۡنُ۔ اِهۡدِنَا الصِّرَاطَ الۡمُسۡتَقِيۡمَ۔ صِرَاطَ الَّذِيۡنَ أَنۡعَمۡتَ عَلَيۡهِمۡ۔ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਆਪਣੀਆਂ ਲਿਖੱਤਾਂ ਅਤੇ ਆਪਣੇ ਆਦੇਸ਼ਾਂ ਵਿਚੱ ਕਈ ਵਾਰ ਆਪਣੇ ਆਉਣ ਦਾ ਉਦੇਸ਼ ਅਤੇ ਇਸ ਜ਼ਮਾਨੇ ਵਿਚੱ ਕਿਸੇ ਮੁਸਲੈਹ ਦੇ ਆਉਣ ਦੀ ਜ਼ਰੂਰਤ ਦਾ ਬਿਆਨ ਫ਼ਰਮਾਇਆ ਹੈ। ਇਹ ਸਾਬਤ ਫ਼ਰਮਾਇਆ ਹੈ ਕਿ ਆਪ ਦਾ ਰਬੱ ਵੱਲੋਂ ਆਉਣਾ ਸਮੇਂ ਅਨੁਸਾਰ ਸੀ ਅਤੇ ਰਬੱ ਦੀ ਸੁਨੱਤ ਅਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਭਵਿਖੱਬਾਣੀਆਂ ਅਨੁਸਾਰ ਹੈ। ਸੋ, ਆਪ ਫ਼ਰਮਾਉਂਦੇ ਹਨ :

ਹੁਜੱਤ ਪੂਰਨ ਕਰਨ ਲਈ ਮੈਂ ਇਹ ਪ੍ਰਕਟ ਕਰਨਾ ਚਾਹੁਣਾ ਕਿ ਰਬੱ ਨੇ ਇਸ ਜ਼ਮਾਨੇ ਨੂੰ ਹਨ੍ਹੇਰ ਪਾ ਕੇ ਅਤੇ ਸੰਸਾਰ ਨੂੰ ਬੇਹੋਸ਼ੀ, ਇਨੰਕਾਰ ਅਤੇ ਦਵੈਤਵਾਦ ਵਿਚੱ ਡੁਬਿੱਆ ਵੇਖ ਕੇ ਵਿਸ਼ਵਾਸ, ਸੱਚਾਈ, ਸੰਜਮਤਾ ਅਤੇ ਰਾਸਤਬਾਜ਼ੀ ਨੂੰ ਖ਼ਤਮ ਹੁੰਦੇ ਹੋਏ ਵੇਖ ਕੇ ਮੈਨੂੰ ਭੇਜਿਆ ਕਿ ਤਾਂ ਉਹ ਮੁੜ ਸੰਸਾਰ ਵਿਚੱ ਇਲਮੀ, ਅਮਲੀ, ਆਚਰਣਿਕ ਅਤੇ ਇਮਾਨੀ ਸੱਚਾਈ ਨੂੰ ਕਾਯਮ ਕਰੇ ਅਤੇ ਤਾਂ ਇਸਲਾਮ ਨੂੰ ਉਹਨਾਂ ਲੋਕਾਂ ਦੇ ਹਮਲੇ ਤੋਂ ਬਚਾਏ ਜੋ ਫ਼ਲਸਫ਼ੇ, ਨੇਚਰ, ਸ਼ਿਰਕ ਅਤੇ ਨਾਸਤਿਕਤਾ ਦੇ ਲਿਬਾਸ ਵਿਚੱ ਇਸ ਰੱਬੀ ਬੂਹੇ ਨੂੰ ਕੁਝੱ ਨੁਕਸਾਨ ਪਹੁੰਚਾਉਣਾ ਚਾਹੁੰਦੇ ਹਨ। ਸੋ, ਹੇ ਹਕੱ ਦੇ ਜਾਣਕੋਂ ! ਸੋਚ ਕੇ ਵੇਖੋ ਕਿ ਕੀ ਇਹ ਸਮਾਂ ਉਹੀ ਸਮਾਂ ਨਹੀਂ ਹੈ। ਜਿਸ ਵਿਚੱ ਇਸਲਾਮ ਲਈ ਆਕਾਸ਼ੀ ਮਦਦ ਦੀ ਜ਼ਰੂਰਤ ਸੀ। ਕੀ ਹਾਲੇ ਤਕੱ ਤੁਹਾਡੇ ਉੱਤੇ ਇਹ ਸਾਬਤ ਨਹੀਂ ਹੋਇਆ ਕਿ ਪਿਛੱਲੀ ਸਦੀ ਵਿਚੱ ਜੋ ਤੇਰ੍ਹਵੀਂ ਸਦੀ ਸੀ। ਕੀ ਕੀ ਸਦਮੇ ਇਸਲਾਮ ਨੂੰ ਪਹੁੰਚੇ ਅਤੇ ਅੰਧਕਾਰ ਦੇ ਫ਼ੈਲਣ ਤੋਂ ਕੀ ਕੀ ਅਯੋਗ ਜ਼ਖ਼ਮ ਸਾਨੂੰ ਚੁਕੱਣੇ ਪਏ। ਕੀ ਹਾਲੇ ਤਕੱ ਤੁਸੀਂ ਪਤਾ ਨਹੀਂ ਕੀਤਾ ਕਿ ਕਿੰਨ੍ਹਾਂ ਕਿੰਨ੍ਹਾਂ ਆਫ਼ਤਾਂ ਨੇ ਇਸਲਾਮ ਨੂੰ ਘੇਰਿਆ ਹੋਇਆ ਹੈ। ਕੀ ਹਾਲੇ ਤਕੱ ਤੁਹਾਨੂੰ ਇਹ ਖ਼ਬਰ ਨਹੀਂ ਮਿਲੀ ਕਿ ਕਿੰਨ੍ਹੇ ਲੋਕ ਇਸਲਾਮ ਨੂੰ ਛਡੱ ਗਏ ਹਨ। ਕਿੰਨ੍ਹੇ ਲੋਕ ਈਸਾਈਆਂ ਵਿਚੱ ਜਾ ਮਿਲੇ। ਕਿੰਨ੍ਹੇ ਲੋਕ ਰਬੱ ਦੀ ਹੋਂਦ ਤੋਂ ਇਨਕਾਰੀ ਹੋ ਗਏ ਅਤੇ ਕਿੰਨ੍ਹੇ ਲੋਕ ਦਵੈਤਵਾਦ ਅਤੇ ਬੁਰੀ ਆਦਤ ਨੇ ਇਕੱ ਈਸ਼ਵਰਵਾਦ ਅਤੇ ਸੁਨੱਤ ਦੀ ਥਾਂ ਲੈ ਲਈ ਅਤੇ ਕਿੰਨ੍ਹੇ ਲੋਕ ਇਸਲਾਮ ਦੇ ਰਦੱ ਲਈ ਕਿਤਾਬਾਂ ਲਿਖਿੱਆਂ ਹਨ ਅਤੇ ਸੰਸਾਰ ਵਿਚੱ ਪ੍ਰਕਾਸ਼ਿਤ ਕੀਤੀਆਂ ਗਈਆਂ। ਸੋ, ਤੁਸੀਂ ਸੋਚ ਕੇ ਦੱਸੋ ਕਿ ਕੀ ਹੁਣ ਜ਼ਰੂਰੀ ਨਹੀਂ ਸੀ ਕਿ ਰਬੱ ਵੱਲੋਂ ਇਸ ਸਦੀ ਉੱਤੇ ਕੋਈ ਅਜਿਹਾ ਵਿਅਕਤੀ

ਭੇਜਿਆ ਜਾਂਦਾ । ਜੋ ਬਾਹਰਲੇ ਹਮਲਿਆਂ ਦਾ ਮੁਕਾਬਲਾ ਕਰਦਾ । ਜੇਕਰ ਜ਼ਰੂਰੀ ਸੀ ਤਾਂ ਤੁਸੀਂ ਜਾਣ ਬੁਝ ਕੇ ਰੱਬੀ ਮਿਹਰ ਨੂੰ ਰਦੱ ਨ ਕਰੋ ਅਤੇ ਉਸ ਵਿਅਕਤੀ ਦਾ ਇਨਕਾਰ ਨ ਕਰੋ । ਜਿਸ ਦਾ ਆਉਣਾ ਇਸ ਸਦੀ ਉੱਤੇ ਇਸ ਸਦੀ ਦੇ ਅਨੁਸਾਰ ਜ਼ਰੂਰੀ ਸੀ ਅਤੇ ਜਿਸ ਦੀ ਆਰੰਭ ਤੋਂ ਨਬੀ ਕਰੀਮ ਨੇ ਖ਼ਬਰ ਦਿੱਤੀ ਸੀ ।

ਇੰਝ ਹੀ ਕਿਸੇ ਆਉਣ ਵਾਲੇ ਦੀ ਸੱਚਾਈ ਨੂੰ ਪਰਖਣ ਦਾ ਮਿਆਰ ਬਿਆਨ ਕਰਦੇ ਹੋਏ ਆਪ ਸਲੱਲਾਹੁ ਅਲੈਹਿ ਵਸਲੱਮ ਫ਼ਰਮਾਉਂਦੇ ਹਨ :

ਕਿਸੇ ਵਿਅਕਤੀ ਦੇ ਸੱਚੇ ਹੋਣ ਲਈ ਇਹ ਜ਼ਰੂਰੀ ਨਹੀਂ ਕਿ ਉਸ ਦੀ ਖੁੱਲ੍ਹੀ ਖ਼ੁੱਲ੍ਹੀ ਖ਼ਬਰ ਕਿਸੇ ਆਕਾਸ਼ੀ ਕਿਤਾਬ ਵਿਚੱ ਮੌਜੂਦ ਵੀ ਹੋਵੇ । ਜੇਕਰ ਇਹ ਸ਼ਰਤ ਜ਼ਰੂਰੀ ਹੈ ਤਾਂ ਕਿਸੇ ਨਬੀ ਦੀ ਨਬੁਵੱਤ ਸਾਬਤ ਨਹੀਂ ਹੋਵੇਗੀ । ਅਸਲ ਹਕੀਕਤ ਇਹ ਹੈ ਕਿ ਕਿਸੇ ਵਿਅਕਤੀ ਦੇ ਨਬੁਵੱਤ ਦੇ ਦਾਅਵੇ ਉੱਤੇ ਸਭ ਤੋਂ ਪਹਿਲਾਂ ਸਮੇਂ ਦੀ ਜ਼ਰੂਰਤ ਵੇਖੀ ਜਾਂਦੀ ਹੈ । ਫ਼ਿਰ ਇਹ ਵੀ ਵੇਖਾ ਜਾਂਦਾ ਹੈ ਕਿ ਉਹ ਨਿਰਧਾਰਤ ਸਮੇਂ ਉੱਤੇ ਆਇਆ ਹੈ ਕਿ ਨਹੀਂ ਫ਼ਿਰ ਇਹ ਵੀ ਵੇਖਿਆ ਜਾਦਾ ਹੈ ਕਿ ਰਬੱ ਨੇ ਉਸ ਦੀ ਮਦਦ ਕੀਤੀ ਹੈ ਜਾਂ ਨਹੀਂ । ਫ਼ਿਰ ਇਹ ਵੀ ਵੇਖਣਾ ਹੁੰਦਾ ਹੈ ਕਿ ਵਿਰੋਧੀਆਂ ਨੇ ਜੋ ਆਰੋਪ ਲਾਏ ਹਨ । ਉਹਨਾਂ ਆਰੋਪਾਂ ਦਾ ਪੂਰਾ ਪੂਰਾ ਉਤੱਰ ਦਿੱਤਾ ਗਿਆ ਜਾਂ ਨਹੀਂ

ਜਦੋਂ ਇਹ ਸਾਰੀਆਂ ਗੱਲ੍ਹਾਂ ਪੂਰੀਆਂ ਹੋ ਜਾਣ ਤਾਂ ਮੰਨ ਲਿਆ ਜਾਵੇਗਾ ਕਿ ਉਹ ਵਿਅਕਤੀ ਸੱਚਾ ਹੈ । ਹੁਣ ਸਾਫ਼ ਪ੍ਰਕਟ ਹੈ ਕਿ ਜ਼ਮਾਨਾ ਆਪਣੀ ਹਾਲਤ ਅਨੁਸਾਰ ਮੰਗ ਕਰ ਰਿਹਾ ਹੈ ਕਿ ਇਸ ਸਮੇਂ ਇਸਲਾਮੀ ਵੰਡ ਦੇ ਦੂਰ ਕਰਨ ਲਈ ਅਤੇ ਬਾਹਰਲੀ ਹਮਲਿਆਂ ਤੋਂ ਇਸਲਾਮ ਨੂੰ ਬਚਾਉਣ ਲਈ ਅਤੇ ਸੰਸਾਰ ਵਿਚੱ ਗੁਆਚੀ ਅਧਿਆਤਮਿਕਤਾ ਨੂੰ ਮੁੜ੍ਹ ਕਾਯਮ ਕਰਨ ਲਈ ਇਕੱ ਸੁਧਾਰਕ ਦੀ ਲੋੜ੍ਹ ਹੈ । ਜੋ ਮੁੜ੍ਹ ਯਕੀਨ ਬਖ਼ਸ਼ ਕੇ ਵਿਸ਼ਵਾਸ ਦੀਆਂ ਜੜ੍ਹਾਂ ਨੂੰ ਪਾਣੀ ਦੇਵੇ ਅਤੇ ਇੰਝ ਬੁਰਾਈ ਅਤੇ ਪਾਪ ਤੋਂ ਮੁਕਤ ਕਰਕੇ ਨੇਕੀ ਅਤੇ ਸਿੱਧੇ ਰਾਹ ਵਲ੍ਹੱ ਪਰਤੇ । ਸੋ, ਸਮੇਂ ਸਿਰ ਮੇਰਾ ਆਉਣਾ ਇੰਝ ਪ੍ਰਕਟ ਹੈ ਕਿ ਮੈਂ ਖ਼ਿਆਲ ਨਹੀਂ ਕਰ ਸਕਦਾ ਕਿ ਵਿਰੋਧੀ ਤੋਂ ਬਿਨਾਂ ਕੋਈ ਉਸ ਦਾ ਇਨੰਕਾਰ ਕਰ ਸਕੇ ਅਤੇ ਦੂਜੀ ਸ਼ਰਤ ਅਰਥਾਤ ਇਹ ਵੇਖਣਾ ਕਿ ਨਬੀਆਂ ਦੇ ਤੈਅ ਕੀਤੇ ਸਮੇਂ ਉੱਤੇ ਆਇਆ ਹੈ ਕਿ ਨਹੀਂ । ਇਹ ਸ਼ਰਤ ਵੀ ਮੇਰੇ ਆਉਣ ਉੱਤੇ ਪੂਰੀ ਹੋ ਗਈ । ਕਿਉਂਕਿ ਨਬੀਆਂ ਨੇ ਇਹ ਭਵਿਖੱਬਾਣੀ ਕੀਤੀ ਸੀ ਕਿ ਜਦੋਂ ਛੇਵਾਂ ਹਜ਼ਾਰ ਖ਼ਤਮ ਹੋਣ ਨੂੰ ਹੋਵੇਗਾ । ਤਦੋਂ ਉਹ ਮਸੀਹ ਮੌਊਦ ਪ੍ਰਕਟ ਹੋਵੇਗਾ । ਸੋ, ਚੰਨ ਦੇ ਹਿਸਾਬ ਨਾਲ ਛੇਵਾਂ ਹਜ਼ਾਰ ਜੋ ਹਜ਼ਰਤ ਆਦਮ ਦੇ ਸਮੇਂ ਤੋਂ ਲਿਆ ਜਾਂਦਾ ਹੈ । ਸਮਾਂ ਹੋਇਆ ਕਿ ਖ਼ਤਮ ਹੋ ਗਿਆ ਅਤੇ ਸੂਰਜ ਦੇ ਹਿਸਾਬ ਨਾਲ ਛੇਵਾਂ ਹਜ਼ਾਰ ਖ਼ਤਮ ਹੋਣ ਨੂੰ ਹੈ । ਫ਼ਿਰ ਸਾਡੇ ਨਬੀ ਨੇ ਵੀ ਫ਼ਰਮਾਇਆ ਸੀ ਕਿ ਹਰ ਸਦੀ ਦੇ ਸਿਰ ਉੱਤੇ ਸੁਧਾਰਕ ਆਵੇਗਾ । ਜੋ ਧਰਮ ਨੂੰ ਤਾਜ਼ਾ ਕਰੇਗਾ ਅਤੇ ਹੁਣ ਇਸ 14ਵੀਂ ਸਦੀ ਵਿੱਚੋਂ 21 ਸਾਲ ਲੰਘ ਗਏ ਹਨ ਅਤੇ 22ਵੀਂ ਸਾਲ ਲੰਘ ਰਿਹਾ ਹੈ । ਕੀ ਇਹ ਇਸ ਗਲ੍ਹੱ ਦਾ ਨਿਸ਼ਾਨ ਨਹੀਂ ਕਿ ਸੁਧਾਰਕ ਆ ਗਿਆ ਹੈ ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਗ਼ੈਰ ਲੋਕ ਮੰਨਣ ਜਾਂ ਨ ਮੰਨਣ । ਸਾਡੇ ਵਿਰੋਧੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੱਚਾਈ ਨੂੰ ਮੰਨਣ ਜਾਂ ਨ ਮੰਨਣ । ਪਰ ਇਹ ਤਾਂ ਆਪ ਵੀ ਪੁਕਾਰ ਰਹੇ ਹਨ ਕਿ ਇਸਲਾਮ ਵਿਚੱ ਕਿਸੇ ਮਹਦੀ ਅਤੇ ਸੁਧਾਰਕ ਦੀ ਜ਼ਰੂਰਤ ਹੈ । ਜੋ ਇਸਲਾਮ ਦੀ ਕਿਸ਼ਤੀ ਨੂੰ ਸਾਂਭੇ ।

ਪਰ ਜੋ ਆਉਣ ਵਾਲਾ ਹੈ, ਜੋ ਭਵਿਖੱਬਾਣੀ ਅਨੁਸਾਰ ਆਇਆ, ਜੋ ਸਮੇਂ ਦੀ ਜ਼ਰੂਰਤ ਅਨੁਸਾਰ ਆਇਆ, ਉਸ ਨੂੰ ਮੰਨਣ ਨੂੰ ਤਿਆਰ ਨਹੀਂ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਕੇਵਲ ਦਾਅਵਾ ਹੀ

ਪੈਸ਼ ਨਹੀਂ ਕੀਤਾ। ਸਗੋਂ ਇਸ ਦਾਅਵੇ ਨਾਲ ਬਹੁਤ ਸਾਰੇ ਨਿਸ਼ਾਨ ਵੀ ਪ੍ਰਕਟ ਫ਼ਰਮਾਏ ਹਨ। ਇਕੱ ਥਾਂ ਆਪ ਅਲੈਹਿ ਸਲਾਮ ਫ਼ਰਮਾਉਂਦੇ ਹਨ ਕਿ ਅਜੱ ਤੋਂ 23 ਸਾਲ ਪਹਿਲਾਂ ਬਰਾਹੀਨੇ ਅਹਮਦੀਆ ਵਿਚੱ ਆਕਾਸ਼ਬਾਣੀ ਮੌਜੂਦ ਹੈ ਕਿ ਲੋਕ ਕੋਸ਼ਿਸ਼ ਕਰਨਗੇ ਕਿ ਇਸ ਸਿਲਸਿਲੇ ਨੂੰ ਮਿਟਾ ਦੇਣ ਅਤੇ ਹਰ ਇਕੱ ਧੋਖਾ ਕਰਨਗੇ। ਪਰ ਮੈਂ ਇਸ ਸਿਲਸਿਲੇ ਨੂੰ ਸੰਪੂਰਨ ਕਰਾਂਗਾ ਅਤੇ ਉਹ ਇਕੱ ਫ਼ੌਜ ਹੋ ਜਾਵੇਗੀ ਅਤੇ ਅੰਤਿਮ ਦਿਨ ਤਕੱ ਉਹਨਾਂ ਦਾ ਦਬਦਬਾ ਰਹੇਗਾ ਅਤੇ ਮੈਂ ਤੇਰੇ ਨਾਂ ਨੂੰ ਸੰਸਾਰ ਦੇ ਕਿਡੰਆਂ ਤਕੱ ਮਾਣ ਦਿਆਂਗਾ ਅਤੇ ਬਹੁਤ ਸਾਰੇ ਲੋਕ ਦੂਰ ਦੂਰ ਤੋਂ ਆਉਣਗੇ ਅਤੇ ਹਰ ਇਕੱ ਪਾਸਿਓਂ ਵਿੱਤੀ ਮਦਦ ਆਵੇਗੀ ਅਤੇ ਘਰਾਂ ਨੂੰ ਵੱਡਾ ਕਰੋ ਕਿ ਇਹ ਤਿਆਰੀ ਆਕਾਸ਼ ਉੱਤੇ ਹੋ ਰਹੀ ਹੈ।

ਹੁਣ ਵੇਖੋ ! ਕਿਸ ਜ਼ਮਾਨੇ ਦੀ ਇਹ ਭਵਿਖੱਬਾਣੀ ਹੈ। ਜੋ ਅਜੱ ਪੂਰੀ ਹੋਈ। ਜੋ ਅੱਖਾਂ ਵਾਲੇ ਹਨ। ਉਹਨਾਂ ਨੂੰ ਵੇਖ ਰਹੇ ਹਨ। ਪਰ ਜੋ ਅੰਨ੍ਹੇ ਹਨ। ਉਹਨਾਂ ਦੇ ਨਜ਼ਦੀਕ ਹਾਲੇ ਤਕੱ ਕੋਈ ਨਿਸ਼ਾਨ ਪ੍ਰਕਟ ਨਹੀਂ ਹੋਇਆ।

ਹਜ਼ੂਰੇ ਅਨਵਰ ਨੇ ਫ਼ਰਮਾਇਆ ਕਿ ਅਜੱ ਵੀ ਜਮਾਅਤ ਅਹਮਦੀਆ ਦੀ ਤਰੱਕੀ ਅਤੇ ਲੋਕਾਂ ਦਾ ਲੱਖਾਂ ਦੀ ਗਿਣਤੀ ਵਿਚੱ ਜਮਾਅਤ ਵਿਚੱ ਸ਼ਾਮਿਲ ਹੋਣਾ, ਕੁਰਬਾਨੀਆਂ ਵਿਚੱ ਵਧਣਾ, ਆਪ ਦੀ ਸੱਚਾਈ ਦਾ ਸਬੂਤ ਹੈ

ਅਜੱ ਸੰਸਾਰ ਦਾ ਕੋਈ ਦੇਸ਼ ਅਜਿਹਾ ਨਹੀਂ ਜਿੱਥੇ ਆਪ ਅਲੈਹਿ ਸਲਾਮ ਦਾ ਸੰਦੇਸ਼ ਨ ਪਹੁੰਚਾ ਹੋਵੇ। ਜਿੱਥੇ ਆਪ ਅਲੈਹਿ ਸਲਾਮ ਦੇ ਸੰਦੇਸ਼ ਕਰਕੇ ਪਵਿਤੱਰ ਰੂਹਾਂ ਨੂੰ ਇਸਲਾਮ ਵਲੱ੍ਹ ਧਿਆਨ ਪੈਦਾ ਨ ਹੋਇਆ ਹੋਵੇ ਸਗੋਂ ਕੁਝੱ ਥਾਂ ਅਜਿਹੇ ਕਿੱਸੇ ਹਨ ਕਿ ਜਿੱਥੇ ਰਬੱ ਨੇ ਆਪ ਲੋਕਾਂ ਦਾ ਮਾਰਗ ਦਰਸ਼ਨ ਕੀਤਾ ਅਤੇ ਉਹ ਜਮਾਅਤ ਵਿਚੱ ਸ਼ਾਮਿਲ ਹੋ ਗਏ। ਵਿਰੋਧੀਆਂ ਦੀ ਵਿਰੋਧਤਾ ਦੇ ਬਾਦ ਵੀ ਲੋਕਾਂ ਦੇ ਇਮਾਨ ਨੂੰ ਰਬੱ ਨੇ ਮਜ਼ਬੂਤ ਫ਼ਰਮਾਇਆ ਅਤੇ ਫ਼ਰਮਾਉਂਦਾ ਚਲਾ ਜਾ ਰਿਹਾ ਹੈ। ਅਜੱ ਵੀ ਜੋ ਅਸੀਂ ਇਹ ਰੱਬੀ ਮਦਦ ਦੇ ਨਜ਼ਾਰੇ ਵੇਖ ਰਹੇ ਹਨ। ਇਹ ਇਕੱ ਅਹਮਦੀ ਲਈ ਇਮਾਨ ਦੇ ਮਜ਼ਬੂਤ ਹੋਣ ਦਾ ਸਾਧਨ ਹੈ।

ਇਸ ਦੇ ਬਾਦ ਹਜ਼ੂਰੇ ਅਨਵਰ ਨੇ ਸੰਸਾਰ ਭਰ ਤੋਂ ਪਵਿਤੱਰ ਰੂਹਾਂ ਦੇ ਸੱਚਾਈ ਨੂੰ ਮੰਨਣ ਅਤੇ ਇਮਾਨ ਅਤੇ ਯਕੀਨ ਵਿਚੱ ਤਰੱਕੀ ਦੇ ਵੱਖੋ ਵਖੱ ਕਿੱਸੇ ਬਿਆਨ ਫ਼ਰਮਾਏ।

ਹਜ਼ੂਰ ਨੇ ਫ਼ਰਮਾਇਆ : ਕਿਵੇਂ ਰਬੱ ਲੋਕਾਂ ਦੇ ਦਿਲ੍ਹ ਇਸਲਾਮ ਅਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਵਲੱ੍ਹ ਫ਼ੈਰ ਰਿਹਾ ਹੈ। ਕਿੱਥੇ ਤਾਂ ਈਸਾਈ ਧਰਮ ਸੰਸਾਰ ਵਿਚੱ ਆਪਣੇ ਝੰਡੇ ਗਾੜ੍ਹਣ ਦੀਆਂ ਗੱਲਾਂ ਕਰਦੀ ਸੀ ਅਤੇ ਕਿੱਥੇ ਹੁਣ ਈਸਾਈ ਹਜ਼ਰਤ ਮੁਹਮੱਦ ਸਲੱਲਾਹੁ ਅਲੈਹਿ ਵਸਲੱਮ ਦੇ ਝੰਡੇ ਦੇ ਹੇਠਾਂ ਆ ਰਹੇ ਹਨ। ਇਹ ਸਭ ਵੇਖ ਕੇ ਵੀ ਇਹਨਾਂ ਧਰਮ ਦੇ ਠੇਕੇਦਾਰਾਂ ਦੀ ਅੱਖਾਂ ਨਹੀਂ ਖੁਲ੍ਹਦੀਆਂ ਤਾਂ ਫ਼ਿਰ ਉਹਨਾਂ ਦਾ ਮਾਮਲਾ ਰਬੱ ਨਾਲ ਹੈ। ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਜੋ ਰਬੱ ਇਸਲਾਮ ਨੂੰ ਸੰਸਾਰ ਦੇ ਕੰਿਡਆਂ ਤਕੱ ਪਹੁੰਚਾਉਣ ਲਈ ਜਮਾਅਤ ਅਹਮਦੀਆ ਰਾਹੀਂ ਕੰਮ ਕਰਵਾ ਰਹੀ ਹੈ। ਉਸ ਨੇ ਤਾਂ ਇੰਸ਼ਾ-ਅੱਲਾਹ ਫ਼ੈਲਣਾ ਅਤੇ ਫੁਲਣਾ ਹੈ। ਕੋਈ ਨਹੀਂ ਜੋ ਇਸ ਰੱਬੀ ਕੰਮ ਨੂੰ ਰੋਕ ਸਕੇ। ਪਰ ਹਰ ਅਹਮਦੀ ਨੂੰ ਇਹ ਗਲੱ੍ਹ ਸਮਝਣ ਦੀ ਜ਼ਰੂਰਤ ਹੈ ਕਿ ਕੇਵਲ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਅਵੇ ਨੂੰ ਮੰਨ ਲੈਣਾ ਕਾਫ਼ੀ ਨਹੀਂ ਹੈ। ਸਗੋਂ ਸਾਨੂੰ ਆਪਣੇ ਅੰਦਰ ਉਹ ਪਾਕ ਤਬਦੀਲੀਆਂ ਪੈਦਾ ਕਰਨੀਆਂ ਹੋਣਗੀਆਂ। ਜੋ ਰਬੱ ਦੀ ਭੇਜੀ ਹੋਈ ਸਿਖਿੱਆ

ਦਾ ਹਕੀਕੀ ਨਮੂਨਾ ਹੋਣ । ਜੋ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਸੁਨੱਤ ਉੱਤੇ ਚਲਣ ਦੀ ਅਮਲੀ ਤਸਵੀਰਾਂ ਹੋਣ ।

ਉਸ ਦੇ ਬਾਦ ਹਜ਼ੂਰੇ ਅਨਵਰ ਨੇ ਫ਼ਲਸਤੀਨ ਦੇ ਮਜ਼ਲੂਮ ਮੁਸਲਮਾਨਾਂ ਲਈ ਮੁੜ੍ਹ ਦੁਆ ਦੀ ਤਹਰੀਕ ਕਰਦੇ ਹੋਏ ਫ਼ਰਮਾਇਆ ਕਿ ਫ਼ਲਸਤੀਨੀਆਂ ਲਈ ਵੀ ਦੁਆਵਾਂ ਕਰਦੇ ਰਹੋ । ਰਬੱ ਉਹਨਾਂ ਨੂੰ ਉਹਨਾਂ ਜ਼ੁਲਮਾਂ ਤੋਂ ਮੁਕਤੀ ਦੇਵੇ । ਜੋ ਉਹਨਾਂ ਉੱਤੇ ਹੋ ਰਹੇ ਹਨ ।

ਕਹਿੰਦੇ ਹਨ ਕਿ ਹੁਣ ਕੁਝੱ ਦਿਨਾਂ ਲਈ ਜੰਗ ਬੰਦੀ ਹੈ ਤਾਂ ਕਿ ਮੁਢੱਲੀ ਲੋੜ੍ਹਾਂ ਪੂਰੀਆਂ ਹੋ ਸਕਣ । ਪਰ ਉਸ ਦੇ ਬਾਦ ਫ਼ਿਰ ਕੀ ਹੋਵੇਗਾ । ਮਦਦ ਪਹੁੰਚਾ ਕੇ ਫ਼ਿਰ ਉਹਨਾਂ ਨੂੰ ਮਾਰਨਗੇ । ਇਸਰਾਈਲ ਦੀ ਸਰਕਾਰ ਦੇ ਵਿਭਾਗ ਤਾਂ ਖ਼ਤਰਨਾਕ ਲਗੱਦੇ ਹਨ । ਕਿਉਂਕਿ ਉਹਨਾਂ ਦੀ ਸਰਕਾਰ ਦੇ ਇਕੱ ਖ਼ਾਸ ਸਲਾਹਕਾਰ ਨੇ ਕਲ੍ਹੱ ਪਰਸੋਂ ਇਹ ਐਲਾਨ ਕੀਤਾ ਹੈ ਕਿ ਜੇਕਰ ਇਸ ਜੰਗ ਬੰਦੀ ਦੇ ਬਾਦ ਫ਼ਿਰ ਛੇਤੀ ਜੰਗ ਸ਼ੁਰੂ ਨ ਕੀਤੀ ਗਈ ਤਾਂ ਮੈਂ ਸਰਕਾਰ ਤੋਂ ਨਿਕਲ ਜਾਵਾਂਗਾ । ਸੋ, ਇਹੋ ਜਿਹੀ ਤਾਂ ਇਹਨਾਂ ਦੀਆਂ ਸੋਚਾਂ ਹਨ ।

ਵੱਡੀ ਤਾਕਤਾਂ ਗੱਲ੍ਹਾਂ ਤਾ ਕਰਦੀਆਂ ਹਨ ਹਮਦਰਦੀ ਦੀ । ਪਰ ਇਨਸਾਫ਼ ਕਰਨਾ ਨਹੀਂ ਚਾਹੁੰਦੇ ਅਤੇ ਇਸ ਮਾਮਲੇ ਵਿਚੱ ਗੰਭੀਰ ਹੀ ਨਹੀਂ ਹਨ । ਉਹਨਾਂ ਨੂੰ ਇਹ ਪਤਾ ਹੀ ਨਹੀਂ, ਸਮਝਦੇ ਹਨ ਕਿ ਉੱਥੇ ਤਕੱ ਸੀਮਿਤ ਰਹਿਣਗੇ । ਪਰ ਜੋ ਅਕਲਮੰਦ ਹਨ ਉਹਨਾਂ ਦੇ । ਉਹ ਕਹਿਣ ਵੀ ਲੱਗੇ ਹਨ ਕਿ ਇਹ ਜੰਗ ਕੇਵਲ ਇਹਨਾਂ ਇਲਾਕੀਆਂ ਤਕੱ ਸੀਮਿਤ ਨਹੀਂ ਰਹੇਗੀ । ਸਗੋਂ ਬਾਹਰ ਵੀ ਵਧੇਗੀ ਅਤੇ ਉਹਨਾਂ ਦੇ ਦੇਸ਼ਾਂ ਤਕੱ ਵੀ ਪਹੁੰਚ ਜਾਵੇਗੀ ।

ਮੁਸਲਮਾਨ ਸਰਕਾਰਾਂ ਕੁਝੱ ਬੋਲਣਾ ਸ਼ੁਰੂ ਹੋਈਆਂ ਹਨ । ਜਿਵੇਂ ਸਉਦੀ ਬਾਦਸ਼ਾਹ ਨੇ ਵੀ ਸੁਣਿਆ ਹੈ ਕਿਹਾ ਹੈ ਕਿ ਮੁਸਲਮਾਨਾਂ ਦੀ ਇਕੱ ਆਵਾਜ਼ ਹੋਣੀ ਚਾਹੀਦੀ ਹੈ ਤਾਂ ਇਕੱ ਆਵਾਜ਼ ਬਣਾਉਣਾ ਪਏਗਾ । ਇਸ ਦੇ ਲਈ ਠੋਸ ਕੋਸ਼ਿਸ਼ ਕਰਨੀ ਪਏਗੀ । ਰਬੱ ਉਹਨਾਂ ਨੂੰ ਜੇਕਰ ਇਹ ਇਹਸਾਸ ਪੈਦਾ ਹੋਇਆ ਹੈ ਤਾਂ ਇਸ ਇਹਸਾਸ ਅਨੁਸਾਰ ਅਮਲ ਵੀ ਕਰਨ ਦੀ ਤੌਫ਼ੀਕ ਬਖ਼ਸ਼ੇ । ਸੋ, ਦੁਆਵਾਂ ਵਲ੍ਹੱ ਬਹੁਤ ਧਿਆਨ ਦਿਓ ।

ਖ਼ੁਤਬੇ ਦੇ ਅੰਤ ਵਿਚੱ ਹਜ਼ੂਰੇ ਅਨਵਰ ਨੇ 05 ਸਵਰਗਵਾਸੀਆਂ ਦਾ ਜ਼ਿਕਰ ਕੀਤਾ ਅਤੇ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਕੀਤਾ । ਉਹਨਾਂ ਵਿਚੱ ਸ਼੍ਰੀਮਾਨ ਅਬਦੁਲੱ ਸਲਾਮ ਆਰਿਫ਼ ਸਾਹਿਬ ਮੁਰਬੀ ਸਿਲਸਿਲਾ, ਸ਼੍ਰੀਮਾਨ ਮੁਹਮੱਦ ਕਾਸਮ ਖ਼ਾਨ ਸਾਹਿਬ ਆਫ਼ ਕਨੈਡਾ ਪੂਰਵ ਨਾਇਬ ਨਾਜ਼ਿਰ ਬੈਅਤੁਲੱ ਮਾਲ ਖ਼ਰਚ, ਸ਼੍ਰੀਮਾਨ ਅਬਦੁਲੱ ਕਰੀਮ ਕੁਦਸੀ ਸਾਹਿਬ ਆਪ ਜਮਾਅਤ ਦੇ ਪ੍ਰਸਿਧੱ ਕਵੀ ਸਨ । ਮਿਆਂ ਰਫ਼ੀਕ ਅਹਮਦ ਗੋਂਦਲ ਸਾਹਿਬ ਅਤੇ ਸ਼੍ਰੀਮਤੀ ਨਸੀਮਾ ਲਈਕ ਸਾਹਿਬਾ ਆਫ਼ ਅਮਰੀਕਾ ਪਤਨੀ ਸਯੱਦ ਲਈਕ ਅਹਮਦ ਸਾਹਿਬ ਸ਼ਹੀਦ ਮਾਡਲ ਟਾਉਨ ਲਾਹੌਰ ਸ਼ਾਮਿਲ ਹਨ । ਹਜ਼ੂਰੇ ਅਨਵਰ ਨੇ ਸਾਰੇ ਸਵਰਗਵਾਸੀਆਂ ਦੀ ਬਖ਼ਸ਼ਿਸ਼ ਅਤੇ ਉਚੱ ਦਰਜਾਤ ਲਈ ਦੁਆ ਫ਼ਰਮਾਈ ।

اَلْحَمْدُ لِلّٰہِ! اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَن یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّآ اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ عِبَادَ اللّٰہِ رَحِمَکُمُ اللّٰہ اِنَّ اللّٰہَ یَأْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔